BC CANCER BREAST SCREENING
Provincial Health Services Authority

# ਸਕ੍ਰੀਨਿੰਗ ਮੈਮੋਗ੍ਰਾਮ ਨਤੀਜਿਆਂ ਦੀ ਸੂਚਨਾ
**ਸਧਾਰਣ ਮੈਮੋਗ੍ਰਾਮ**

Notice Date
Exam Date:

Jane Sample
1245 Sample Street
City, Province, Postal Code

ਤੁਹਾਡੇ ਹਾਲ ਹੀ ਦੇ ਸਕ੍ਰੀਨਿੰਗ ਮੈਮੋਗ੍ਰਾਮ (ਛਾਤੀ ਦਾ ਐਕਸ-ਰੇ) ਦਾ ਨਤੀਜਾ ਸਧਾਰਣ ਹੈ ਅਤੇ ਇਸ ਵਿੱਚ ਛਾਤੀ ਦੇ ਕੈਂਸਰ ਦੇ ਕੋਈ ਲੱਛਣ ਨਹੀਂ ਮਿਲੇ ਹਨ।

**ਅਗਲੇ ਕਦਮ**:
ਇਸ ਸਮੇਂ ਕੋਈ ਹੋਰ ਕਾਰਵਾਈ ਕਰਨ ਦੀ ਸਿਫਾਰਸ਼ ਨਹੀਂ ਕੀਤੀ ਜਾਂਦੀ। ਤੁਹਾਡੇ ਨਤੀਜੇ ਤੁਹਾਡੇ ਰਿਕਾਰਡ ਵਿੱਚ ਦਰਜ ਸਿਹਤ-ਸੰਭਾਲ ਪ੍ਰਦਾਨਕਰਤਾ: NATALIE EXAMPLE ਨੂੰ ਭੇਜੇ ਗਏ ਹਨ। ਭਾਵੇਂ ਮੈਮੋਗ੍ਰਾਮ ਛਾਤੀ ਦੇ ਕੈਂਸਰ ਦੀ ਸ਼ੁਰੂਆਤੀ ਪਛਾਣ ਲਈ ਸਾਡੇ ਕੋਲ ਉਪਲਬਧ ਸਭ ਤੋਂ ਵਧੀਆ ਜਾਂਚ ਹੈ, ਪਰ ਹਰ ਕੈਂਸਰ ਮੈਮੋਗ੍ਰਾਮ ਰਾਹੀਂ ਨਹੀਂ ਲੱਭਿਆ ਜਾ ਸਕਦਾ। ਸਿਫਾਰਸ਼ ਅਨੁਸਾਰ ਸਕ੍ਰੀਨਿੰਗ ਕਰਵਾਉਣ ਤੋਂ ਇਲਾਵਾ, ਤੁਹਾਨੂੰ ਆਪਣੇ ਸਰੀਰ ਵਿੱਚ ਹੋਣ ਵਾਲੀਆਂ ਕਿਸੇ ਵੀ ਅਸਧਾਰਣ ਤਬਦੀਲੀਆਂ ਉੱਤੇ ਵੀ ਧਿਆਨ ਦੇਣਾ ਚਾਹੀਦਾ ਹੈ। **ਜੇ ਤੁਹਾਨੂੰ ਕੋਈ ਗਿਲਟੀ ਮਹਿਸੂਸ ਹੁੰਦੀ ਹੈ ਜਾਂ ਚਿੰਤਾ ਦਾ ਕੋਈ ਹੋਰ ਕਾਰਨ ਹੈ, ਤਾਂ ਤੁਹਾਨੂੰ ਆਪਣੇ ਸਿਹਤ-ਸੰਭਾਲ ਪ੍ਰਦਾਨਕਰਤਾ ਨੂੰ ਦੱਸਣਾ ਚਾਹੀਦਾ ਹੈ, ਭਾਵੇਂ ਤੁਸੀਂ ਹਾਲ ਹੀ ਵਿੱਚ ਇੱਕ ਸਧਾਰਣ ਮੈਮੋਗ੍ਰਾਮ ਕਰਵਾਇਆ ਹੋਵੇ।**

**ਬ੍ਰੈਸਟ ਡੈਂਸਿਟੀ: :** BI-RADS ਸ਼੍ਰੇਣੀ A। ਤੁਹਾਡੀ ਛਾਤੀ ਦੀ **ਡੈਂਸਿਟੀ** ਬਾਰੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ ਇਸ ਸੂਚਨਾ ਦੇ ਪਿਛਲੇ ਪਾਸੇ ਨੂੰ ਵੇਖੋ।

ਤੁਹਾਨੂੰ 24 ਮਹੀਨਿਆਂ ਬਾਅਦ ਦੁਬਾਰਾ ਛਾਤੀ ਦੀ ਸਕ੍ਰੀਨਿੰਗ ਕਰਵਾਉਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਜੇ ਤੁਹਾਡੀ ਉਮਰ 75 ਸਾਲ ਤੋਂ ਘੱਟ ਹੈ ਅਤੇ ਤੁਹਾਡਾ ਪਤਾ ਬੀ ਸੀ ਵਿਚਲੇ ਪਤੇ ਵਜੋਂ ਦਰਜ ਹੈ, ਤਾਂ ਅਗਲੀ ਸਕ੍ਰੀਨਿੰਗ ਦਾ ਸਮਾਂ ਹੋਣ ਤੇ ਤੁਹਾਨੂੰ ਡਾਕ ਰਾਹੀਂ ਇੱਕ ਯਾਦ- ਦਿਹਾਨੀ ਭੇਜੀ ਜਾਵੇਗੀ।

**ਤੁਹਾਡਾ ਸਕ੍ਰੀਨਿੰਗ ਅਨੁਭਵ ਕਿਵੇਂ ਰਿਹਾ?**
ਸਾਨੂੰ ਆਪਣੇ ਮੈਮੋਗ੍ਰਾਮ ਦੇ ਅਨੁਭਵ ਬਾਰੇ ਦੱਸੋ। ਇਹ QR ਕੋਡ ਸਕੈਨ ਕਰੋ ਜਾਂ **screeningbc.ca/breastfeedback** ਤੇ ਜਾਉ ਅਤੇ ਇੱਕ ਛੋਟੀ ਪ੍ਰਸ਼ਨਾਵਲੀ ਪੂਰੀ ਕਰੋ। ਤੁਸੀਂ ਜਦੋਂ ਪੁੱਛਿਆ ਜਾਵੇ ਤਾਂ ਇਹ ਕੋਡ ਦਰਜ ਕਰਕੇ ਆਪਣੇ ਫੀਡਬੈਕ ਨੂੰ ਆਪਣੀ ਐਪੁਆਇੰਟਮੈਂਟ ਨਾਲ ਜੋੜ ਸਕਦੇ ਹੋ: **XXXXXXXXXXXXX**. ਇਸ ਨਾਲ ਤੁਹਾਡੀ ਦੇਖਭਾਲ ਉੱਤੇ ਕੋਈ ਅਸਰ ਨਹੀਂ ਪਵੇਗਾ। ਤੁਸੀਂ ਕੋਡ ਨਾ ਵੀ ਭਰੋ ਤਾਂ ਵੀ ਪ੍ਰਸ਼ਨਾਵਲੀ ਗੁਪਤ ਰੂਪ ਵਿੱਚ ਪੂਰੀ ਕਰ ਸਕਦੇ ਹੋ।ਜੇ ਤੁਸੀਂ ਡਾਕ ਰਾਹੀਂ ਪ੍ਰਸ਼ਨਾਵਲੀ ਪ੍ਰਾਪਤ ਕਰਨਾ ਪਸੰਦ ਕਰਦੇ ਹੋ, ਤਾਂ screening@bccancer.bc.ca 'ਤੇ ਈਮੇਲ ਭੇਜੋ ਅਤੇ Subject line ਵਿੱਚ ਲਿਖੋ: **Breast Questionnaire for XXXXXXXXXXXXX**

BC Cancer ਛਾਤੀ ਸਕ੍ਰੀਨਿੰਗ ਪ੍ਰੋਗਰਾਮ ਵਿੱਚ ਭਾਗ ਲੈਣ ਲਈ ਤੁਹਾਡਾ ਧੰਨਵਾਦ।

Dr. Charlotte Yong-Hing
Breast Screening Medical Director

ਜੇ ਤੁਹਾਨੂੰ ਇਹ ਰਿਪੋਰਟ ਗਲਤੀ ਨਾਲ ਪ੍ਰਾਪਤ ਹੋਈ ਹੈ, ਤਾਂ ਕਿਰਪਾ ਕਰਕੇ ਸਾਨੂੰ 1-800-663-9203 ਤੇ ਸੂਚਿਤ ਕਰੋ।

Screening Facility:
Sample Mammogram Screening Facility



SAMPLE

BC CANCER BREAST SCREENING
Provincial Health Services Authority

# ਸਕ੍ਰੀਨਿੰਗ ਮੈਮੋਗ੍ਰਾਮ ਨਤੀਜਿਆਂ ਦੀ ਸੂਚਨਾ

**ਸਧਾਰਣ ਮੈਮੋਗ੍ਰਾਮ**

## ਬ੍ਰੈਸਟ ਡੈਂਸਿਟੀ ਕੀ ਹੈ?

ਛਾਤੀਆਂ ਮੁੱਖ ਤੌਰ 'ਤੇ ਦੋ ਕਿਸਮ ਦੇ ਟਿਸ਼ੂਆਂ ਤੋਂ ਬਣੀਆਂ ਹੁੰਦੀਆਂ ਹਨ: ਫਾਈਬਰੋਗਲੈਂਡੂਲਰ ਟਿਸ਼ੂ ਅਤੇ ਚਰਬੀ ਵਾਲੇ ਟਿਸ਼ੂ। ਫਾਈਬਰੋਗਲੈਂਡੂਲਰ ਟਿਸ਼ੂ ਮੈਮੋਗ੍ਰਾਮ ਵਿੱਚ ਸੰਘਣਾ (ਠੋਸ) ਦਿਖਾਈ ਦਿੰਦਾ ਹੈ, ਜਦਕਿ ਚਰਬੀ ਵਾਲਾ ਟਿਸ਼ੂ ਨਹੀਂ। ਬਹੁਤੇ ਲੋਕਾਂ ਦੀਆਂ ਛਾਤੀਆਂ ਵਿੱਚ ਸੰਘਣੇ ਅਤੇ ਚਰਬੀ ਵਾਲੇ ਟਿਸ਼ੂਆਂ ਦਾ ਮਿਸ਼ਰਣ ਹੁੰਦਾ ਹੈ। ਬ੍ਰੈਸਟ ਡੈਂਸਿਟੀ ਦਾ ਅਰਥ ਹੈ ਕਿ ਤੁਹਾਡੀਆਂ ਛਾਤੀਆਂ ਵਿੱਚ ਚਰਬੀ ਵਾਲੇ ਟਿਸ਼ੂ ਦੇ ਮੁਕਾਬਲੇ ਸੰਘਣਾ ਟਿਸ਼ੂ ਕਿੰਨਾ ਹੈ। ਕਿਸੇ ਵੀ ਮਾਤਰਾ ਵਿੱਚ ਸੰਘਣਾ ਬ੍ਰੈਸਟ ਟਿਸ਼ੂ ਹੋਣਾ ਸਧਾਰਨ ਅਤੇ ਬਹੁਤ ਆਮ ਗੱਲ ਹੈ।

**ਮੈਨੂੰ ਕਿਵੇਂ ਪਤਾ ਲੱਗੇਗਾ ਕਿ ਮੇਰੀ ਛਾਤੀ ਵਿੱਚ ਕਿੰਨਾ ਸੰਘਣਾ ਬ੍ਰੈਸਟ ਟਿਸ਼ੂ ਹੈ?**

ਇੱਕ ਰੇਡੀਉਲੋਜਿਸਟ (ਸਕੈਨ ਪੜ੍ਹਨ ਲਈ ਸਿਖਿਅਤ ਸਿਹਤ-ਸੰਭਾਲ ਪ੍ਰਦਾਨਕਰਤਾ) Breast Imaging Reporting and Data System (BI-RADS) ਨਾਮਕ ਪ੍ਰਣਾਲੀ ਦੀ ਵਰਤੋਂ ਕਰਕੇ ਤੁਹਾਡੀ ਬ੍ਰੈਸਟ ਡੈਂਸਿਟੀ ਦੀ ਜਾਂਚ ਕਰਦਾ ਹੈ। ਤੁਹਾਡਾ BI-RADS ਮੁਲਾਂਕਣ ਇਸ ਸੂਚਨਾ ਦੇ ਪਹਿਲੇ ਪਾਸੇ ਦਿੱਤਾ ਗਿਆ ਹੈ। ਹਰ ਸ਼੍ਰੇਣੀ ਦੇ ਅੱਖਰ ਨਾਲ ਬ੍ਰੈਸਟ ਟਿਸ਼ੂ ਦੀ ਸੰਘਣਤਾ ਵੱਧਦੀ ਜਾਂਦੀ ਹੈ:

| **BI-RADS A** | **BI-RADS B** | **BI-RADS C** | **BI-RADS D** |
|---|---|---|---|
| ਤੁਹਾਡੀਆਂ ਛਾਤੀਆਂ ਲਗਭਗ ਪੂਰੀ ਤਰ੍ਹਾਂ ਚਰਬੀ ਵਾਲੇ ਟਿਸ਼ੂਆਂ ਤੋਂ ਬਣੀਆਂ ਹਨ। | ਤੁਹਾਡੀਆਂ ਛਾਤੀਆਂ ਮੁੱਖ ਤੌਰ 'ਤੇ ਚਰਬੀ ਵਾਲੇ ਟਿਸ਼ੂਆਂ ਤੋਂ ਬਣੀਆਂ ਹਨ, ਜਿਨ੍ਹਾਂ ਵਿੱਚ ਵਿੱਚ ਸੰਘਣੇ ਟਿਸ਼ੂ ਦੇ ਕੁਝ ਛੋਟੇ ਏਰੀਏ ਹਨ। | ਤੁਹਾਡੀਆਂ ਛਾਤੀਆਂ ਵਿੱਚ ਚਰਬੀ ਵਾਲੇ ਅਤੇ ਸੰਘਣੇ ਟਿਸ਼ੂਆਂ ਦਾ ਮਿਸ਼ਰਣ ਹੈ। | ਤੁਹਾਡੀਆਂ ਛਾਤੀਆਂ ਲਗਭਗ ਪੂਰੀ ਤਰ੍ਹਾਂ ਸੰਘਣੇ ਟਿਸ਼ੂਆਂ ਤੋਂ ਬਣੀਆਂ ਹਨ। |

ਤੁਹਾਡੀ ਬ੍ਰੈਸਟ ਡੈਂਸਿਟੀ ਸਿਰਫ ਮੈਮੋਗ੍ਰਾਮ ਰਾਹੀਂ ਹੀ ਵੇਖੀ ਜਾ ਸਕਦੀ ਹੈ ਅਤੇ ਇਸ ਦਾ ਤੁਹਾਡੀਆਂ ਛਾਤੀਆਂ ਦੇ ਆਕਾਰ ਜਾਂ ਮਹਿਸੂਸ ਹੋਣ ਨਾਲ ਕੋਈ ਸਬੰਧ ਨਹੀਂ ਹੈ। ਇਹ ਹਰ ਵਿਅਕਤੀ ਵਿੱਚ ਵੱਖਰੀ ਹੋ ਸਕਦੀ ਹੈ ਅਤੇ ਸਮੇਂ ਦੇ ਨਾਲ, ਖ਼ਾਸ ਕਰਕੇ ਉਮਰ ਵੱਧਣ ਨਾਲ, ਘੱਟ ਜਾਂ ਬਦਲ ਸਕਦੀ ਹੈ।

## ਇਹ ਜਾਣਨਾ ਮਹੱਤਵਪੂਰਨ ਕਿਉਂ ਹੈ ਕਿ ਮੇਰੀ ਬ੍ਰੈਸਟ ਡੈਂਸਿਟੀ ਕੀ ਹੈ?

1. ਖੋਜ ਦਰਸਾਉਂਦੀ ਹੈ ਕਿ ਜਦੋਂ ਤੁਹਾਡੀਆਂ ਛਾਤੀਆਂ ਵਿੱਚ ਸੰਘਣਾ ਟਿਸ਼ੂ ਵਧੇਰੇ ਹੁੰਦਾ ਹੈ ਤਾਂ ਬ੍ਰੈਸਟ ਕੈਂਸਰ ਦਾ ਖ਼ਤਰਾ ਵੱਧ ਜਾਂਦਾ । ਹਾਲਾਂਕਿ, ਬ੍ਰੈਸਟ ਡੈਂਸਿਟੀ ਤੁਹਾਡੇ ਕੁੱਲ ਖ਼ਤਰੇ ਵਿੱਚ ਸਿਰਫ਼ ਇੱਕ ਛੋਟੀ ਭੂਮਿਕਾ ਨਿਭਾਉਂਦੀ ਹੈ। ਜੇਕਰ ਤੁਹਾਡੇ ਕੋਲ ਸੰਘਣਾ ਬ੍ਰੈਸਟ ਟਿਸ਼ੂ ਹੈ ਤਾਂ ਚਿੰਤਾ ਨਾ ਕਰੋ। ਇਹ ਆਮ ਗੱਲ ਹੈ, ਪਰ ਤੁਸੀਂ ਆਪਣੇ ਕੁੱਲ ਬ੍ਰੈਸਟ ਕੈਂਸਰ ਖ਼ਤਰੇ ਬਾਰੇ ਸਿਹਤ-ਸੰਭਾਲ ਪ੍ਰਦਾਨਕਰਤਾ ਨਾਲ ਗੱਲ ਕਰ ਸਕਦੇ ਹੋ।
1. ਸੰਘਣਾ ਬ੍ਰੈਸਟ ਟਿਸ਼ੂ ਟਿਸ਼ੂ ਮੈਮੋਗ੍ਰਾਮ ਵਿੱਚ ਕੈਂਸਰ ਦੀ ਪਛਾਣ ਕਰਨਾ ਔਖਾ ਬਣਾ ਸਕਦਾ ਹੈ। ਸੰਘਣਾ ਟਿਸ਼ੂ ਮੈਮੋਗ੍ਰਾਮ 'ਤੇ ਚਿੱਟਾ ਦਿਖਾਈ ਦਿੰਦਾ ਹੈ। ਗਿਲਟੀਆਂ ਜਾਂ ਰਸੌਲੀਆਂ ਵੀ ਚਿੱਟੇ ਦਿਖਾਈ ਦਿੰਦੇ ਹਨ। , ਇਸਦਾ ਮਤਲਬ ਹੈ ਕਿ ਸੰਘਣਾ ਟਿਸ਼ੂ ਕਈ ਵਾਰ ਰਸੌਲੀ ਨੂੰ ਲੁਕਾ ਸਕਦਾ ਹੈ। ਇਸੇ ਲਈ ਜੇ ਤੁਸੀਂ ਆਪਣੀਆਂ ਛਾਤੀਆਂ ਵਿੱਚ ਕੋਈ ਤਬਦੀਲੀ ਵੇਖਦੇ ਹੋ, ਤਾਂ ਭਾਵੇਂ ਤੁਹਾਡਾ ਹਾਲੀਆ ਮੈਮੋਗ੍ਰਾਮ ਸਧਾਰਣ ਸੀ, ਫਿਰ ਵੀ ਸਿਹਤ ਸ-ਭਾਲ ਪ੍ਰਦਾਨਕਰਤਾ ਨਾਲ ਗੱਲ ਕਰਨੀ ਮਹੱਤਵਪੂਰਨ ਹੈ।

**ਕੀ ਸੰਘਣੀਆਂ ਛਾਤੀਆਂ ਵਾਲੇ ਲੋਕਾਂ ਲਈ ਵਾਧੂ ਟੈਸਟ ਉਪਲਬਧ ਹਨ?**ਮੌਜੂਦਾ ਸਮੇਂ ਵਿੱਚ ਕੇਵਲ ਬ੍ਰੈਸਟ ਡੈਂਸਿਟੀ ਦੇ ਆਧਾਰ 'ਤੇ ਹੋਰ ਟੈਸਟਾਂ ਦੀ ਸਿਫਾਰਸ਼ ਕਰਨ ਲਈ ਕਾਫ਼ੀ ਸਬੂਤ ਉਪਲਬਧ ਨਹੀਂ ਹਨ। ਐਪਰ , ਛਾਤੀ ਦਾ ਅਲਟਰਾਸਾਊਂਡ ਵਧੇਰੇ ਫਾਲਸ-ਪਾਜ਼ਿਟਿਵ ਨਤੀਜੇ (ਫਾਲਸ ਅਲਾਰਮ) ਵੀ ਦੇ ਸਕਦਾ ਹੈ। ਫਾਲਸ-ਪਾਜ਼ਿਟਿਵ ਨਤੀਜਾ ਇੱਕ ਅਸਧਾਰਨ ਟੈਸਟ ਨਤੀਜਾ ਹੁੰਦਾ ਹੈ ਜੋ ਹੋਰ ਜਾਂਚਾਂ (ਜਿਵੇਂ ਕਿ ਬਾਇਉਪਸੀ ਜਾਂ ਸਰਜਰੀ) ਤੋਂ ਬਾਅਦ ਸਧਾਰਨ ਨਿਕਲਦਾ ਹੈ। ਇਹ ਜਾਣਨ ਲਈ ਆਪਣੇ ਸਿਹਤ-ਸੰਭਾਲ ਪ੍ਰਦਾਨਕਰਤਾ ਨਾਲ ਗੱਲ ਕਰੋ ਕਿ ਛਾਤੀ ਦਾ ਅਲਟਰਾਸਾਊਂਡ ਤੁਹਾਡੇ ਲਈ ਉਚਿਤ ਹੈ ਜਾਂ ਨਹੀਂ।

## ਜੇ ਮੇਰੀਆਂ ਛਾਤੀਆਂ ਸੰਘਣੀਆਂ ਹਨ, ਤਾਂ ਕੀ ਮੈਨੂੰ ਅਜੇ ਵੀ ਮੈਮੋਗ੍ਰਾਮ ਦੀ ਲੋੜ ਹੈ?

ਹਾਂ। ਮੈਮੋਗ੍ਰਾਮ ਹੀ ਇਕੋ ਇੱਕ ਸਕ੍ਰੀਨਿੰਗ ਟੈਸਟ ਹੈ ਜਿਸ ਬਾਰੇ ਸਾਬਤ ਹੋ ਚੁੱਕਾ ਹੈ ਕਿ ਇਹ ਛਾਤੀ ਦੇ ਕੈਂਸਰ ਕਾਰਨ ਹੋਣ ਵਾਲੀਆਂ ਮੌਤਾਂ ਨੂੰ ਘਟਾਉਂਦਾ ਹੈ। ਕਈ ਕੈਂਸਰ ਮੈਮੋਗ੍ਰਾਮ ਵਿੱਚ ਦਿਖਾਈ ਦੇ ਜਾਂਦੇ ਹਨ, ਭਾਵੇਂ ਤੁਹਾਡੀ ਛਾਤੀ ਵਿੱਚ ਸੰਘਣਾ ਬ੍ਰੈਸਟ ਟਿਸ਼ੂ ਮੌਜੂਦ ਹੋਵੇ । ਨਿਯਮਿਤ ਮੈਮੋਗ੍ਰਾਮ ਕਰਵਾਉਣ ਦੇ ਨਾਲ-ਨਾਲ, ਇਹ ਜਾਣਨਾ ਵੀ ਮਹੱਤਵਪੂਰਨ ਹੈ ਕਿ ਤੁਹਾਡੀਆਂ ਛਾਤੀਆਂ ਕਿਵੇਂ ਦਿਖਦੀਆਂ ਅਤੇ ਮਹਿਸੂਸ ਹੁੰਦੀਆਂ ਹਨ। ਜੇਕਰ ਤੁਸੀਂ ਕੋਈ ਬਦਲਾਅ ਵੇਖਦੇ ਹੋ, ਤਾਂ ਸਿਹਤ-ਸੰਭਾਲ ਪ੍ਰਦਾਨਕਰਤਾ ਨਾਲ ਗੱਲ ਕਰੋ। ਤੁਸੀਂ ਸਿਹਤਮੰਦ ਵਜ਼ਨ ਬਣਾਈ ਰੱਖ ਕੇ, ਸਰਗਰਮ ਰਹਿ ਕੇ, ਸ਼ਰਾਬ ਦੀ ਵਰਤੋਂ ਘਟਾ ਕੇ, ਜੇ ਸੰਭਵ ਹੋਵੇ ਤਾਂ ਬੱਚੇ ਨੂੰ ਦੁੱਧ ਪਿਲਾ ਕੇ ਆਪਣੇ ਅਤੇ ਮੈਨੋਪੌਜ਼ ਦੇ ਲੱਛਣਾਂ ਲਈ ਹਾਰਮੋਨ ਥੈਰੇਪੀ ਦੇ ਜੋਖਮਾਂ ਅਤੇ ਲਾਭਾਂ ਨੂੰ ਵਿਚਾਰ ਕੇ ਆਪਣੇ ਛਾਤੀ ਕੈਂਸਰ ਦੇ ਕੁੱਲ ਖ਼ਤਰਿਆਂ ਨੂੰ ਘਟਾ ਸਕਦੇ ਹੋ (ਹੋਰ ਜਾਣਕਾਰੀ ਲਈ www.screeningbc.ca/breast ਵੇਖੋ)। ਭਾਵੇਂ ਘਣ ਛਾਤੀ ਟਿਸ਼ੂ ਛਾਤੀ ਦੇ ਕੈਂਸਰ ਦਾ ਇੱਕ ਜੋਖਮ ਕਾਰਕ ਹੈ, ਪਰ ਕੇਵਲ ਇਸ ਕਾਰਨ ਤੁਹਾਨੂੰ ਆਪਣੀ ਜ਼ਿੰਦਗੀ ਦੌਰਾਨ ਇਸ ਬਿਮਾਰੀ ਦੇ ਵਿਕਾਸ ਦਾ "ਉੱਚ" ਜੋਖਮ ਨਹੀਂ ਮੰਨਿਆ ਜਾਂਦਾ। ਹੋਰ ਜੋਖਮ ਕਾਰਕਾਂ ਵਿੱਚ ਵੱਧਦੀ ਉਮਰ, ਪਰਿਵਾਰ ਵਿੱਚ ਛਾਤੀ ਦੇ ਕੈਂਸਰ ਦਾ ਹਿਸਟਰੀ , ਅਤੇ ਕੁਝ ਵਿਰਾਸਤੀ ਜੀਨ ਵੈਰੀਐਂਟ ਜਿਵੇਂ BRCA1 ਅਤੇ BRCA2 ਸ਼ਾਮਲ ਹਨ।

ਬ੍ਰੈਸਟ ਡੈਂਸਿਟੀ ਬਾਰੇ ਇੱਕ ਸਿੱਖਿਆਤਮਕ ਵੀਡੀਉ ਦੇਖਣ ਅਤੇ ਹੋਰ ਜਾਣਨ ਲਈ screeningbc.ca/breast 'ਤੇ ਜਾਉ। ਜੇ ਤੁਹਾਡਾ ਪਤਾ ਬਦਲ ਗਿਆ ਹੈ, ਤਾਂ ICBC ਅਤੇ Health Insurance BC ਨਾਲ ਆਪਣਾ ਪਤਾ ਇੱਕੋ ਸਮੇਂ ਆਨਲਾਈਨ ਅੱਪਡੇਟ ਕਰਨ ਲਈ https://www.addresschange.gov.bc.ca/ ਤੇ ਜਾਉ।

BC Cancer Breast Screening Program
screening@bccancer.bc.ca
Client Services Centre: 1-800-663-9203

Client PHN #
Notice ID: XXXXXXXXXXXXX

SAMPLE

BC CANCER BREAST SCREENING
Provincial Health Services Authority

# ਸਕ੍ਰੀਨਿੰਗ ਮੈਮੋਗ੍ਰਾਮ ਨਤੀਜਿਆਂ ਦੀ ਸੂਚਨਾ

**ਸਧਾਰਣ ਮੈਮੋਗ੍ਰਾਮ**

Breast Screening ਸੂਚਨਾਵਾਂ Health Gateway ਤੇ ਆਨਲਾਈਨ ਉਪਲਬਧ ਹਨ। ਹੋਰ ਜਾਣਕਾਰੀ ਪ੍ਰਾਪਤ ਕਰਨ ਅਤੇ ਪਹੁੰਚ ਲਈ ਰਜਿਸਟਰ ਕਰਨ ਵਾਸਤੇ healthgateway.gov.bc.ca ਤੇ ਜਾਉ।

---

BC Cancer ਸਕ੍ਰੀਨਿੰਗ ਸੇਵਾਵਾਂ ਪ੍ਰਦਾਨ ਕਰਨ, ਜਿਸ ਵਿੱਚ ਸੰਚਾਰ ਸੰਪਰਕ ਅਤੇ ਫਾਲੋ-ਅੱਪ ਸ਼ਾਮਲ ਹਨ, ਅਤੇ ਪ੍ਰੋਗਰਾਮ ਦੇ ਮੁਲਾਂਕਣ ਲਈ ਤੁਹਾਡੀ ਨਿੱਜੀ ਜਾਣਕਾਰੀ ਇਕੱਠੀ ਕਰੇਗਾ ਅਤੇ ਵਰਤੇਗਾ। ਇਹ ਜਾਣਕਾਰੀ FIPPA ਧਾਰਾ 26(c) ਅਤੇ (e) ਦੇ ਅਨੁਸਾਰ ਇਕੱਠੀ ਕੀਤੀ ਜਾਂਦੀ ਹੈ। ਜੇ ਤੁਹਾਨੂੰ ਆਪਣੀ ਨਿੱਜੀ ਜਾਣਕਾਰੀ ਦੇ ਇਕੱਠੇ ਕਰਨ ਜਾਂ ਵਰਤੋਂ ਬਾਰੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ screening@bccancer.bc.ca ਨਾਲ ਸੰਪਰਕ ਕਰੋ। ਗੁਪਤਤਾ  ਬਾਰੇ ਹੋਰ ਜਾਣਕਾਰੀ ਲਈ screeningbc.ca ਤੇ ਜਾਉ।

SAMPLE